**ਭਾਰਤੀ ਅਜ਼ਾਦੀ ਦਿਵਸ ਮੌਕੇ ਲੰਡਨ ਦੇ ਹਾਈ ਕਮਿੱਸ਼ਨ ਨੂੰ ਦਸ ਹਜ਼ਾਰ ਤੋਂ ਵੱਧ ਸਿੱਖ ਅਤੇ ਕਸਮੀਰੀ ਮੁਜ਼ਾਹਰੇਦਾਰਾਂ ਨੇ ਕਈ ਘੰਟੇ ਘੇਰਾਈ ਰੱਖਿਆ**

੧੫ ਆਗਸਤ, ਲੰਡਨ: ਸਥਿੱਤ ਭਾਰਤੀ ਹਾਈ ਕਮਿੱਸ਼ਨ ਅੱਗੇ ਭਾਵੇਂ ਕਈ ਦੇਹਾਕਿਆਂ ਤੋਂ ਹਰ ਸਾਲ ਅਜ਼ਾਦੀ ਦਿਵਸ ਮੌਕੇ ਸਿੱਖ, ਮੁਸਲਮਾਨ, ਆਦਿਕ ਸੰਘਰਸ਼ਮਈ ਜੱਥੇਬੰਦੀਆਂ ਰੋਸ ਮੁਜ਼ਾਹਰਾ ਕਰਦੀਆਂ ਆਈਆਂ ਹਨ, ਪਰ ਪਿਛਲੇ ਦਿਨਾ ਵਿਚ ਕਸ਼ਮੀਰ ਉੱਤੇ ਮੁਕੰਮਲ ਕਬਜ਼ਾ ਕਰਕੇ ਭਾਰਤੀ ਪ੍ਰਸ਼ਾਸ਼ਨ ਅਤੇ ਹੋਰ ਅੰਤਰ-ਰਾਸ਼ਟ੍ਰੀ ਤਾਕਤਾਂ ਨੂੰ ਇਸ ਇਤਿਹਾਸਕ ਗਲਤੀ ਦਾ ਸ਼ਾਇਦ ਪਹਿਲੀ ਵਾਰ ਅਹਿਸਾਸ ਹੋਇਆ ਹੋਵੇਗਾ ਜਦੋਂ ਐਤਕਾਂ ਦੂਤ-ਘਰ ਦੇ ਪੂਰੇ ਨਾਲ ਲਗਦੇ ਇਲਾਕੇ ਦੀਆਂ ਸਾਰੀਆਂ ਸੜਕਾਂ ਦੀ ਆਵਾ-ਜਾਈ ਨੂੰ ਬੰਦ ਕਰਵਾ ਕੇ ਪ੍ਰਦਰਸ਼ਨਕਾਰੀਆਂ ਨੇ ਪੁਲਸ ਦੇ ਕੀਤੇ ਪ੍ਰਬੰਧਾਂ ਨੂੰ ਵੀ ਰੱਦ ਕਰਵਾ ਕੇ ਕਈ ਹਜ਼ਾਰਾਂ ਦੀ ਤਦਾਦ ਵਿਚ ਇਸ ਦਾ ਘੇਰਾਉ ਕੀਤਾ ।

ਦੂਤ-ਘਰ ਅੰਦਰ ਘਿਰੇ ਕਰਮਚਾਰੀਆਂ ਨੂੰ 'ਇੰਡੀਆ ਬਣੇਗਾ ਖਾਲਿਸਤਾਨ' ਅਤੇ 'ਕਸ਼ਮੀਰ ਬਣੇਗਾ ਪਾਕਿਸਤਾਨ' ਦੇ ਲਗਾਤਰ ਨਾਹਰੇ ਸੁਣਨ ਤੋਂ ਇਲਾਵਾ ਸਿੱਖਾਂ ਵੱਲੋਂ ਖਾਲਸਿਤਾਨ ਦਾ ਝੰਡਾ ਵੀ ਚੜ੍ਹਦਾ ਦੇਖਣਾ ਪਿਆ ਅਤੇ ਇਨ੍ਹਾਂ ਕਰਮਚਾਰੀਆਂ ਦੇ ਸੱਦੇ ਤੇ ਜਸ਼ਨ ਮਨਾਉਣ ਆਇ ਵਿਰੋਧੀ ਧਿਰ ਦੇ ਹਿੰਦੁੱਤਵੀ ਪ੍ਰਦਰਸ਼ਣਕਾਰੀਆਂ ਨੇ ਵੀ ਉੱਥੋਂ ਭੱਜਣਾਂ ਹੀ ਬਹਿਤਰ ਸਮਝਿਆ । ਕਸ਼ਮੀਰੀ ਆਗੂਆਂ ਅਤੇ ਪਾਰਲੀਮਾਨੀ ਨੁਮਾਇੰਦਿਆਂ ਤੋਂ ਇਲਾਵਾ ਪੰਥਕ ਬੁਲਾਰਿਆਂ ਨੇ ਵੀ ਪ੍ਰਦਰਸ਼ਣ ਵਿਚ ਭਾਗ ਲੈਂਦਿਆਂ ਇਕ ਸੁਰਤਾ ਨਾਲ ਹਿੰਦੁਸਤਾਨ ਵੱਲੋਂ ਕਸ਼ਮੀਰ 'ਤੇ ਕੀਤੇ ਫੌਜੀ ਕਬਜ਼ੇ ਦੀ ਸਖਤ ਨਿਖੇਦੀ ਕੀਤੀ ਅਤੇ ਇਹ ਵੀ ਕਿਹਾ ਗਿਆ ਕਿ ਪੰਜਾਬ, ਕਸ਼ਮੀਰ ਅਤੇ ਲਡਾਖ ਨੂੰ ਹਿੰਦੁੱਤਵੀ ਸਾਮਰਾਜ ਵੋਲੋਂ ਹਰ ਹਾਲਤ ਵਿਚ ਖਾਲੀ ਕਰਵਾਉਣਾ ਪਵੇਗਾ, ਜਿਸ ਲਈ ਹਰ ਹੀਲਾ ਅਪਨਾਉਣਾ ਜਾਇਜ਼ ਹੀ ਹੋਵੇਗਾ, ਕਿਉਂਕਿ ਭਾਰਤੀ ਸਰਕਾਰ ਜੱਬਰਨ ਅਤੇ ਨੱਸਲਕੁਸ਼ੀ ਰਾਹੀਂ ਇਨ੍ਹਾਂ ਇਲਾਕਿਆਂ ਦੇ ਲੋਕਾਂ ਦੇ ਖੁੱਦ-ਮੁਖਤਿਆਰੀ, ਜਮਹੂਰੀ ਅਤੇ ਮਨੁੱਖੀ ਹੱਕ, ਕਈ ਦਿਹਾਕਿਆਂ ਤੋਂ ਖੋਂਹਦੀ ਆਈ ਹੈ, ਜੋ ਅੰਤਰ-ਰਾਸ਼ਟ੍ਰੀ ਕਾਨੂੰਨ ਅਤੇ ਸੁਯੰਕਤ ਰਾਸ਼ਟਰ ਦੀਆਂ ਮੁੱਢਲੀਆਂ ਧਾਰਾਵਾਂ ਮੁਤਾਬਕ ਲਾਜ਼ਮੀ ਹੀ ਬਣਦੇ ਹਨ ।

ਉਕਤ ਨੁਮਾਇੰਦਿਆਂ ਵਿਚੋਂ ਲੌਰਡ ਨਜ਼ੀਰ ਅਹਿਮਦ (ਚੇਅਰਮੈਨ, ਪਾਰਲੀਮਾਨੀ ਖੁੱਦ-ਮੁੱਖਤਿਆਰੀ ਸੰਗਠਨ), ਲੀਅਮ ਬਰਨ (MP), ਜਿਓਰਜ ਗੈਲੋਵੇ (ਸਾਬਕਾ MP), ਮੁਹੰਮਦ ਯਸਿਨ (MP), ਸ਼ਬਾਨਾ ਮਹਿਮੂਦ (MP), ਫਾਹਿਮ ਕਯਾਨੀ (ਪ੍ਰਧਾਨ, ਤਹਿਰਕਿ-ਕਸ਼ਮੀਰ ਅਤੇ ਮੁਜ਼ਾਹਰੇ ਦੇ ਸਹਾਇਕ ਪ੍ਰਬੰਧਕ), ਰਾਜਾ ਅਮਜਦ ਖਾਨ (ਸਕੱਤਰ ਜਨਰਲ, ਸਰਬ ਪਾਰਟੀ ਕਸ਼ਮੀਰ ਕੌਂਸਲ), ਜੋਗਾ ਸਿੰਘ ਅਤੇ ਮਨਪ੍ਰੀਤ ਸਿੰਘ (ਕੋਆਰਡੀਨੇਟਰ, ਵਿਸ਼ਵ ਸਿੱਖ ਸੰਸਦ), ਅਵਤਾਰ ਸਿੰਘ ਸੰਘੇੜਾ, ਪਰਮਜੀਤ ਸਿੰਘ ਪੰਮਾ ਅਤੇ ਦੁਪਿੰਦਰਜੀਤ ਸਿੰਘ (ਸਿੱਖਸ ਫ਼ਾਰ ਜਸਟਿੱਸ), ਗੁਰਪ੍ਰੀਤ ਸਿੰਘ (ਕੇਸਰੀ ਲਹਿਰ), ਲਵਸ਼ਿੰਦਰ ਸਿੰਘ ਡੱਲੇਵਾਲ (ਸੁਯੰਕਤ ਖਾਲਸਾ ਦਲ), ਕੁਲਵੰਤ ਸਿੰਘ ਮੁਠੱਡਾ ਅਤੇ ਸਰਬਜੀਤ ਸਿੰਘ (ਅਕਾਲੀ ਦਲ ਅੰਮ੍ਰਿਤਸਰ), ਗੁਰਦੇਵ ਸਿੰਘ ਚੌਹਾਨ (ਪ੍ਰਧਾਨ, ਅਕਾਲੀ ਦਲ ਯੂ. ਕੇ.), ਗੁਰਚਰਨ ਸਿੰਘ (ਦਲ ਖਾਲਸਾ), ਰਣਜੀਤ ਸਿੰਘ ਸਰਾਏ (ਜਨਰਲ ਸਕੱਤਰ, ਕੌਂਸਲ ਆਫ਼ ਖਾਲਿਸਤਾਨ ਅਤੇ ਮੁਜ਼ਾਹਰੇ ਦੇ ਸਹਾਇਕ ਪ੍ਰਬੰਧਕ) ਤੋਂ ਇਲਾਵਾ ਕਈ ਲੀਡਰਾਂ ਨੇ ਅਹਿੰਮ ਭਾਗ ਲਿਆ ਅਤੇ ਅੰਤਰਰਾਸ਼ਟ੍ਰੀ ਅਤੇ ਸਿੱਖ ਮੀਡੀਆ ਚੈਨਲਾਂ ਨੇ ਮੁਜ਼ਾਹਰੇ ਦਾ ਸਮੇਤੀ ਪ੍ਰਸਾਰਨ ਵੀ ਕੀਤਾ ।

ਕੌਂਸਲ ਆਫ਼ ਖਾਲਿਸਤਾਨ ਦੇ ਪ੍ਰਧਾਨ ਅਤੇ ਵਿਸ਼ਵ ਸਿੱਖ ਸੰਸਦ ਮੈਂਬਰ ਅਮਰੀਕ ਸਿੰਘ ਸਹੋਤਾ (OBE) ਨੇ ਪਹੁੰਚੇ ਸਿੱਖ ਨੁਮਾਇੰਦਿਆ ਵੱਲੋਂ ਕਿਹਾ ਕਿ ਜਮਹੂਰੀਅਤ ਦਾ ਬੁਰਕਾ ਪਾਈ ਫਿਰਦੀ ਹਿੰਦੁਸਤਾਨ ਦੀ ਸਰਕਾਰ ਨੇ ਆਪਨੇ ਹੀ ਵਿਧਾਨ ਵਿਚੋਂ ਬਿਨਾ ਦੱਸਿਆਂ-ਪੁੱਛਿਆਂ ਕਸ਼ਮੀਰੀਆਂ ਦੀ ਖੁੱਦ-ਮੁਖਤਿਆਰੀ ਨੂੰ ਮੁਢੋਂ ਰੱਦ ਕਰਕੇ ਖੁੱਦ ਹੀ ਆਪਣਾ ਪੜਦਾ ਫ਼ਾਸ਼ ਕਰ ਲਿਆ ਹੈ ਅਤੇ ਆਪ ਹੀ ਪੈਰ ਕੁਆੜੀ ਮਾਰ ਕੇ ਇੰਨਕਿਲਾਬ ਵਿਚ ਨਵਾਂ ਮੋੜ ਲਿਆਂਦਾ ਹੈ, ਜਿਸ ਦੇ ਨਤੀਜੇ ਕਸ਼ਮੀਰ ਅਤੇ ਖਾਲਿਸਤਾਨ ਹੁਣ ਅਜ਼ਾਦ ਹੋ ਕੇ ਹੀ ਰਹਿਣਗੇ । ਇਸ ਵਿਧਾਨ ਦੇ ਘੇਰੇ ਅੰਦਰ ਰਹਿ ਕੇ ਗਲ ਕਰਨ ਵਾਲਿਆਂ ਤਾਈਂ ਵੀ ਹੁਣ ਭਲੀ-ਭਾਂਤ ਪਤਾ ਚੱਲ ਗਿਆ ਹੋਵੇਗਾ ਕਿ ਇਸ ਦਾ ਅੰਜਾਮ ਕੀ ਹੁੰਦਾ ਹੈ । ਅੰਤਰਰਾਸ਼ਟ੍ਰੀ ਕਾਨੂਨ ਅਧੀਨ ਹੀ ਇਹ ਮੱਸਲੇ ਹੱਲ ਹੋ ਸਕਦੇ ਹਨ, ਅਤੇ ਅੰਤਰਰਾਸ਼ਟ੍ਰੀ ਤਾਕਤਾਂ ਵੀ ਹੁਣ ਚੀਨ ਦੀ ਮਿਸਾਲ 'ਤੇ ਆਪਣੀ ਜ਼ਿੰਮੇਦਾਰੀ ਸਮਝਣ, ਜਿਸ ਨੇ ਇਸ ਮੱਸਲੇ ਨੂੰ ਕਈ ਦਿਹਾਕਿਆਂ ਬਾਵਜੂਦ ਸੁਯੰਕਤ ਰਾਸ਼ਟਰ ਦੀ ਸੁਰੱਖਸ਼ਾ ਕੌਂਸਲ ਵਿਚ ਮਸ਼ਵਰੇ ਲਈ ਖਾਸ ਮੁੱਦਾ ਰੱਖਿਆ ਹੈ । ਵਰਨਾ, ਇਹ ਤਾਕਤਾਂ ਵੀ ਇਸ ਅਪਵਾਦ ਦੇ ਅੰਜਾਮਾਂ ਤੋਂ ਬਚ ਨਹੀਂ ਸਕਣਗੀਆਂ ।